17th May 97

# ਚੋਣਾਂ ਦੀ ਖੇਡ ਵਿਚ ਪੈਸੇ ਦੀ ਭੂਮਿਕਾ

ਗੁਰਸ਼ਰਨ ਸਿੰਘ

ਪਿਛਲੇ ਇਕ ਸਾਲ ਵਿਚ ਪਾਰਲੀਮੈਂਟ, ਅਸੰਬਲੀ ਅਤੇ ਕਾਰਪੋਰੇਸ਼ਨ ਦੀਆਂ ਜੋ ਚੋਣਾਂ ਹੋਈਆਂ ਹਨ, ਉਨ੍ਹਾਂ ਵਿਚ ਸ਼ਰਾਬ ਦੀ ਵਰਤੋਂ ਵੀ ਖੁੱਲ੍ਹ ਕੇ ਹੋਈ ਹੈ, ਜਾਅਲੀ ਵੋਟਾਂ ਵੀ ਭੁਗਤੀਆਂ ਹਨ ਅਤੇ ਪੈਸਾ ਵੀ ਬੇਟੋਕ ਵੰਡਿਆ ਗਿਆ ਹੈ। ਸੇਸ਼ਨ ਦੇ ਵੇਲੇ ਜਿਹੜਾ ਅਮਲ ਸ਼ੁਰੂ ਕੀਤਾ ਗਿਆ ਸੀ, ਉਹ ਰੁਕਿਆ ਹੀ ਨਹੀਂ, ਸਗੋਂ ਬਿਲਕੁਲ ਉਲਟ ਹੋ ਗਿਆ ਹੈ। ਮਨੋਹਰ ਸਿੰਘ ਗਿੱਲ ਢਿੱਲਾ ਜਿਹਾ ਹੀ ਮੁੱਖ ਚੋਣ ਕਮਿਸ਼ਨਰ ਸਾਬਤ ਹੋਇਆ ਹੈ। ਇਹ ਸਾਫ਼ ਹੈ ਕਿ ਸਾਰਾ ਚੋਣ ਅਮਲ ਪੂਰੀ ਤਰ੍ਹਾਂ ਪੈਸਿਆਂ ਵਾਲਿਆਂ ਦੀ ਚੁੰਗਲ ਵਿਚ ਹੈ, ਇਸ ਬਾਰੇ ਬੁੜਬੁੜ ਕਰਨ ਦੀ ਲੋੜ ਨਹੀਂ, ਸਗੋਂ ਕੁੱਝ ਠੋਸ ਕਦਮਾਂ ਦੀ ਮੰਗ ਕਰਨੀ ਚਾਹੀਦੀ ਹੈ ਅਤੇ ਇਹ ਮੰਗ ਕਰਨ ਵਿਚ ਖੱਬੀ ਧਿਰ ਨੂੰ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਇਹ ਪੈਸੇ ਦੀ ਭੂਮਿਕਾ ਮੁੱਖ ਤੌਰ 'ਤੇ ਉਨ੍ਹਾਂ ਦਾ ਹੀ ਵੱਡਾ ਨੁਕਸਾਨ ਕਰਦੀ ਹੈ। ਅਸੂਲਨ ਖੱਬੀ ਧਿਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੈਸੇ ਦੀ ਭੂਮਿਕਾ ਨੂੰ ਖ਼ਤਮ ਕੀਤਾ ਜਾਏ।

ਪਾਰਲੀਮੈਂਟ ਵਿਚ ਬੜੇ ਜ਼ੋਰਦਾਰ ਤਰੀਕੇ ਨਾਲ ਮੰਗ ਕੀਤੀ ਜਾਏ ਕਿ ਚੋਣ ਜ਼ਾਬਤਾ ਇਹੋ ਜਿਹਾ ਹੋਵੇ ਕਿ ਜਾਅਲੀ ਵੋਟ ਪਾਉਣ ਵਾਲੇ ਨੂੰ, ਜਾਅਲੀ ਵੋਟ ਭੁਗਤਾਉਣ ਵਾਲੇ ਨੂੰ ਤੇ ਇਸ ਸਿਲਸਿਲੇ ਵਿਚ ਅਣਗਹਿਲੀ ਕਰਨ ਵਾਲੇ ਚੋਣ ਅਮਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਹੋਵੇ ਤਾਂ ਜੋ ਕੋਈ ਮੁੜ ਹੌਸਲਾ ਹੀ ਨਾ ਕਰੇ ਕਿ ਇਸ ਅਮਲ ਵਿਚ ਪਵੇ। ਅੱਗੇ ਗੱਲ ਹੋਰ ਸੀ। ਕੋਈ ਵੀ ਤਜਵੀਜ਼ ਦੇਵੋ ਤਾਂ ਝੱਟ ਜਵਾਬ ਮਿਲਦਾ ਸੀ ਕਿ ਆਦਰਸ਼ਕ ਗੱਲਾਂ ਕਰਨੀਆਂ ਆਸਾਨ ਹਨ ਪਰ ਉਨ੍ਹਾਂ ਨੂੰ ਅਮਲ ਵਿਚ ਲਿਆਉਣਾ ਮੁਸ਼ਕਲ ਹੈ। ਸੈਂਟਰ ਵਿਚ ਕਾਂਗਰਸ ਸਰਕਾਰ ਇਹ ਕਦ ਕਰਨ ਦੇਵੇਗੀ ਕਿ ਪੈਸੇ ਦੀ ਭੂਮਿਕਾ ਖ਼ਤਮ ਹੋ ਜਾਏ? ਇਹ ਤਾਂ ਉਸ ਪਾਰਟੀ ਦੇ ਹਿੱਤ ਵਿਚ ਹੈ, ਪਰ ਹੁਣ ਤਾਂ ਸੈਂਟਰ ਵਿਚ ਕਾਂਗਰਸ ਦੀ ਅਜਾਰੇਦਾਰੀ ਖ਼ਤਮ ਹੋ ਗਈ ਹੈ।

ਹੁਣ ਜੇਕਰ ਇਰਾਦਾ ਹੋਵੇ ਤਾਂ ਸਭ ਕੁੱਝ ਕੀਤਾ ਜਾ ਸਕਦਾ ਹੈ। ਵੇਖਿਆ ਜਾਏ ਕਿ ਚੋਣਾਂ ਵਿਚ ਕੋਈ ਫਾਊਲ ਖੇਡ ਨਾ ਖੇਡੀ ਜਾਏ। ਸ੍ਰੀ ਇੰਦਰਜੀਤ ਗੁਪਤਾ ਵਰਗੇ ਹੋਮ ਮਨਿਸਟਰ ਹਨ। ਹੁਣ ਨਾ ਕੁੱਝ ਹੋਇਆ ਤਾਂ ਫੇਰ ਕਦੋਂ ਹੋਵੇਗਾ? ਬੜੀ ਸਖ਼ਤ ਸਜ਼ਾ ਵਾਲਾ ਬਿਲ ਪਾਰਲੀਮੈਂਟ ਵਿਚ ਆਉਣਾ ਵੀ ਚਾਹੀਦਾ ਹੈ ਅਤੇ ਪਾਸ ਵੀ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਸ਼ਰਾਬ ਦੀ ਵਰਤੋਂ ਬਾਰੇ ਅਤੇ ਤਹਿ ਕੀਤੀ ਰਕਮ ਤੋਂ ਵੱਧ ਖ਼ਰਚ ਕਰਨ ਬਾਰੇ ਸਖ਼ਤ ਸਜ਼ਾਵਾਂ ਵਾਲੇ ਚੋਣ ਜ਼ਾਬਤੇ ਦੀ ਲੋੜ ਹੈ। ਹਰ ਇਕ ਕਦਮ ਬਾਰੇ ਇਹ ਕਹਿ ਕੇ ਟਾਲ-ਮਟੋਲ ਨਹੀਂ ਹੋਣਾ ਚਾਹੀਦਾ, "ਯਾਰ ਇਹ ਤਾਂ ਚੱਲਦਾ ਹੀ ਹੈ, ਪੈਸਾ ਇਸ ਖੇਡ ਦਾ ਹਿੱਸਾ ਹੈ, ਡੈਮੋਕਰੇਸੀਆਂ ਇਸੇ ਤਰ੍ਹਾਂ ਹੀ ਚੱਲਦੀਆਂ ਹਨ। ਇੰਗਲੈਂਡ ਵਿਚ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ।"

ਖੱਬੀ ਧਿਰ ਦੀਆਂ ਦੋਵੇਂ ਮੁੱਖ ਪਾਰਟੀਆਂ ਨੇ ਜੇ ਚੋਣਾਂ ਨੂੰ ਸਿਆਸੀ ਬਦਲ ਦਾ ਰਾਹ ਮੰਨ ਲਿਆ ਹੈ ਅਤੇ ਅਪਣਾ ਲਿਆ ਹੈ ਤਾਂ ਇਹਦੇ ਬਾਰੇ ਸੰਜੀਦਗੀ ਨਾਲ ਸੋਚਣਾ ਬਣਦਾ ਹੈ ਕਿ ਪੈਸੇ ਦੀ ਭੂਮਿਕਾ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇ।

ਚੋਣਾਂ ਹਾਰ ਕੇ ਇਹ ਕਹਿਣਾ ਕਾਫ਼ੀ ਨਹੀਂ ਕਿ ਅਸੀਂ ਤਾਂ ਹਾਰ ਗਏ ਹਾਂ ਕਿ ਵਿਰੋਧੀਆਂ ਨੇ ਜਾਅਲੀ ਵੋਟਾਂ ਭੁਗਤਾਈਆਂ, ਸ਼ਰਾਬ ਤੇ ਪੈਸੇ ਦੀ ਅੰਨ੍ਹੀ ਵਰਤੋਂ ਕੀਤੀ। ਲੋਕ ਉਹਨੂੰ ਰੋਂਦੂਆਂ ਵਾਲੀ ਗੱਲ ਸਮਝਦੇ ਹਨ।